# ਸਿੱਖ ਧਰਮ ਮਹਾਨ ਅਤੇ ਸਭ ਤੋਂ ਉੱਤਮ ਜੀਵਨ ਜਾਂਚ

*{ ਦਾ ਰੂਟਸ ਔਫ ਸਿੱਖਇਜ਼ਮ}*

ਲੇਖਕ- ਆਈ ਜੇ ਸਿੰਘ, {ਸਿੱਖਚਿੱਕ ਤੋਂ ਧੰਨਵਾਦ ਸਹਿਤ ਲਿਆ ਗਿਆ}
{ਅਨੁਵਾਦ ਕਰਨ ਦੀ ਸੇਵਾ ਸਤਿਗੁਰੂ ਜੀ ਨੇ ਦਾਸ: ਡਾ: ਬਲਵੰਤ ਸਿੰਘ ਨੂੰ ਬਖਸ਼ੀ}

ਮੇਰੇ ਵਿਚਾਰ ਅਨੁਸਾਰ ਮਸ਼ਹੂਰ ਇਤਹਾਸ ਕਾਰ, ਅਰਨੋਲਡ ਟੋਇਨਬੀ ਨੇ ਕਿਹਾ ਸੀ ਕਿ ਵੇਦਾਂਤਿਕ ਅਤੇ ਜੂਡੈਕ ਧਰਮਾਂ ਦਾ ਮੇਲ ਉੱਤਰੀ ਭਾਰਤ ਵਿੱਚ ਹੋਇਆ ਜਾਂ ਕਹਿ ਲਓ ਟਕਰਾ ਜਿਆਦਾ ਸਹੀ ਹੋਏਗਾ।

ਇਸ ਟਕਰਾ ਵਿਚੋਂ ਇਕ ਨਵੇਂ ਧਰਮ ਨੇ ਜਨਮ ਲਿਆ- ਸਿੱਖ ਧਰਮ। ਜਿਸ ਵਿੱਚ ਦੋਹਾਂ ਵਿੱਚੋਂ ਕੁਝ ਗੱਲਾਂ ਲਈਆਂ ਗਈਆਂ ਪਰ ਦੋਹਾਂ ਨੂੰ ਹੀ ਸਹੀ ਨਹੀਂ ਮੰਨਿਆਂ ਜਾਂ ਦੋਨਾਂ ਨੂੰ ਹੀ ਰੱਦ ਕੀਤਾ ਗਿਆ।

ਟੋਇਨਬੀ ਨੇ ਇਹ ਸਮਝਿਆ ਕਿ ਸਿੱਖ ਧਰਮ ਇਹਨਾਂ ਦੋਹਾਂ ਨੇਕ ਧਰਮਾਂ ਦਾ ਮਿਸ਼ਰਣ ਹੈ। ਜਿਆਦਾ ਤਰ ਸਿੱਖ, ਆਪਣੇ ਧਰਮ ਦੀ ਵਿਚਾਰਧਾਰਾ ਨੂੰ ਨਿਵੇਕਲੀ ਸਮਝਦੇ ਹਨ ਕਿਸੇ ਭੀ ਪਰਚਲਤ ਧਰਮਾਂ ਦੀਆਂ ਲੀਹਾਂ ਤੋਂ ਕੁਝ ਭੀ ਨਹੀਂ ਲਿਆ ਗਿਆ ਸਮਝਦੇ ਹਨ।

ਇਹ ਸਪਸ਼ਟ ਹੈ, ਕਿ ਕੋਈ ਭੀ ਧਾਰਮਕ ਵਿਚਾਰਧਾਰਾ ਖਲਾਅ ਤੋਂ ਪੈਦਾ ਨਹੀਂ ਹੁੰਦੀ। ਇਕ ਨਵੀਂ ਅਤੇ ਤਾਜੀ ਸੋਚ ਵਿੱਚ ਕੋਈ ਨਾਂ ਕੋਈ ਅੰਸ਼ ਉਸ ਵੇਲੇ ਦੀ ਪ੍ਰਚਲਤ ਧਾਰਨਾਂਵਾਂ ਦਾ ਹੋਣਾਂ ਕੁਦਰਤੀ ਹੈ। ਭਾਵੇਂ ਕੁਝ ਗੱਲਾਂ ਰੱਦ ਭੀ ਕੀਤੀਆਂ ਗਈਆਂ ਹੋਣ ਪਰ ਉਹਨਾਂ ਦਾ ਕੁਝ ਨਾ ਪ੍ਰਭਾਵ ਪਿੱਛੇ ਰਹਿ ਸਕਦਾ ਹੈ।

ਇਸ ਕਰਕੇ, ਬਹੁਤ ਸਾਰੀਆਂ ਨਵੀਆਂ ਬਣੀਆਂ ਕਦਰਾਂ ਕੀਮਤਾਂ ਜਾਂ ਧਾਰਨਾਵਾਂ ਵਿੱਚ, ਪੁਰਾਣੀਆਂ ਧਾਰਨਾਵਾਂ ਦਾ ਅਸਰ ਦੇਖਣਾਂ ਮੁਸ਼ਕਲ ਨਹੀਂ ਹੁੰਦਾ। ਇਸ ਦੇ ਬਾਵਜੂਦ ਜੋ ਨਵਾਂ ਸਮਾਜ ਸਿਰਜਿਆਂ ਜਾਂਦਾ ਹੈ ਉਹ ਪੁਰਾਣੇ ਨੂੰ ਹੀ ਮਾਮੂਲੀ ਬਦਲ ਕੇ ਸਿਰਫ ਨਵਾਂ ਨਾਮ ਦੇਣਾਂ ਨਹੀਂ ਹੁੰਦਾ, ਨਾਂ ਹੀ ਇਸ ਦਾ ਮਤਲਬ ਹੈ ਪੁਰਾਣੇ ਨੂੰ ਬਿਲਕੁਲ ਖਤਮ ਕਰਕੇ ਕੁਝ ਨਵਾਂ ਬਣਾਉਣਾਂ ਹੁੰਦਾ ਹੈ।

ਸੋ ਇਸੇ ਲਈ ਕਈ ਇਤਹਾਸਕਾਰ ਸਾਰੀ ਉਮਰ ਲਗਾ ਦਿੰਦੇ ਹਨ ਕਿਵੇਂ ਪੁਰਾਣੀ ਇਕ ਇਕ ਇੱਟ ਨੂੰ ਲਗਾ ਕੇ ਨਵੀਂ ਉਸਾਰੀ ਦੀ ਨੀਂਹ ਰੱਖੀ ਗਈ ਹੈ ਅਤੇ ਦੂਸਰੇ ਪਾਸੇ ਇਸੇ ਵਿਚਾਰਧਾਰਾ ਦੇ ਵਿਰੋਧੀ ਸਾਰੀ ਉਮਰ ਇਸ ਗੱਲ ਨੂੰ ਸਾਬਤ ਕਰਨ ਵਿੱਚ ਗਾਲ ਦਿੰਦੇ ਹਨ ਨਵੀਂ ਬਣਤਰ ਵਿੱਚ ਕੁਝ ਭੀ ਪੁਰਾਣਾਂ ਨਹੀਂ ਵਰਤੋਂ ਵਿੱਚ ਲਿਆ ਗਿਆ।

ਬਿਲਕੁਲ ਨਵੇਂ ਅਤੇ ਵੱਖਰੇ ਨਮੂੰਨੇ ਵਿੱਚ ਕੁਝ ਨਾਂ ਕੁਝ ਹਿੱਸਾ ਪਹਿਲੇ ਤੋਂ ਬਣੇ ਅਤੇ ਚੱਲ ਰਹੇ ਪੁਰਾਣੇ ਡੀਜਾਈਨ ਦਾ ਲਿਆ ਜਾਂਦਾ ਹੈ, ਭਾਵੇਂ ਨਵੇਂ ਨਮੂੰਨੇ ਬੁਣਆਦੀ ਤੌਰ ਤੇ ਬਿਲਕੁਲ਼ ਹੀ ਦੇਖਣ ਨੂੰ ਵੱਖਰੇ ਲੱਗਣ। ਨਵੀਂ ਜਿੰਦਗੀ ਪੁਰਾਣੀ ਤੋਂ ਹੀ ਸ਼ੁਰੂ ਹੁੰਦੀ ਹੈ ਅਤੇ ਕਰਾਂਤੀ ਕਦੇ ਭੀ ਅਣਹੋਂਦ ਤੋਂ ਨਹੀਂ ਹੁੰਦੀ। ਨਿਚੋੜ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ, ਨਵਾਂ ਪੁਰਾਣੇ ਨਾਲੋਂ ਕਿੰਨਾਂ ਵਿਕਸਤ ਹੈ, ਕਿੰਨਾਂ ਕਰਾਂਤੀਕਾਰੀ, ਕਿੰਨਾਂ ਬਦਲਿਆ ਹੈ, ਕਿੰਨਾਂ ਪ੍ਰਫੁਲਤ ਹੈ ਅਤੇ ਇਸਨੂੰ ਮੰਨਣ ਵਾਲੇ ਕਿਵੇਂ ਸਮਝਦੇ ਹਨ।

ਜੇ ਹਿੰਦੂ ਅਤੇ ਮੁਸਲਿਮ, ਸਿੱਖ ਧਰਮ ਦੇ ਕਈ ਪੱਖਾਂ ਨੂੰ ਆਪਣਾ ਸਮਝਦੇ ਹਨ ਜਿਵੇਂ ਅੱਜ ਭੀ ਮੰਨ ਰਹੇ ਹਨ, ਇਹ ਸਿੱਖ ਧਰਮ ਲਈ ਮਾਣ ਦੀ ਗੱਲ ਹੈ। ਕਿਉਂਕਿ ਹਰ ਕੋਈ ਆਦਮੀ ਆਪਣੇ ਸਬੰਧ ਉਸ ਨਾਲ ਜੋੜਦਾ ਹੈ ਜਿਸ ਦਾ ਬਹੁਤ ਇੱਜਤ ਮਾਣ ਹੁੰਦਾ ਹੋਵੇ। ਇਸ ਵਿੱਚ ਸਿੱਖ ਧਰਮ ਦੀ ਸ਼ਾਨ ਹੈ ਕਿ ਇਕ ਅਜਿਹਾ ਧਰਮ ਹੈ, ਜੋ ਅਗਾਂਹ ਵਧੂ ਅਤੇ ਨਵਾਂ ਨਰੋਆ ਹੈ।

ਜੇ ਕੋਈ ਇਸਦੇ ਵਿਰੋਧ ਵਿੱਚ ਕੋਈ ਦਲੀਲਾਂ ਦਿੰਦਾ ਹੈ ਤਾਂ ਸਿੱਖ ਧਰਮ ਦੇ ਕਰਾਂਤੀਕਾਰੀ ਸਿਧਾਤਾਂ ਦੀ ਪਰਤੱਖ ਸਚਾਈ ਨੂੰ ਝੂਠਲਾਇਆ ਨਹੀਂ ਜਾ ਸਕਦਾ। ਸਿੱਖ ਚਾਹੁੰਦੇ ਹਨ ਕਿ ਇਸ ਧਰਮ ਦਾ ਕੋਈ ਸਬੰਧ ਪੁਰਾਣੀਆਂ ਭਾਸ਼ਾਂਵਾਂ ਜਾਂ ਰਿਵਾਜਾਂ ਨਾਲ ਨਾਂ ਜੁੜੇ ਜੋ ਵੇਦਾਂਤਕ ਜਾਂ ਹਿੰਦੂ ਹਨ।

ਬਾਕੀ, ਬੋਲੀਆਂ ਦੇ ਆਧਾਰਿਤ ਧਰਮਾਂ-ਜੂਡਇਜਮ, ਇਸਾਈ ਅਤੇ ਇਸਲਾਮ- ਵਾਂਗਰ ਸਿੱਖ ਧਰਮ ਭੀ ਇਕ ਧਾਰਮਿਕ ਕਿਤਾਬ ਦਾ ਧਰਮ ਹੈ ਇਸ ਦੇ ਮੁਕਾਬਲੇ ਹਿੰਦੂ ਧਰਮ ਅਜਿਹਾ ਨਹੀਂ ਹੈ।ਹਿੰਦੂ ਧਰਮ ਵਿੱਚ ਤਾਂ ਦੇਵੀ

ਦੇਵਤਿਆਂ ਦੀ ਫੌਜ ਹੈ। ਸਿੱਖ ਧਰਮ ਵਿੱਚ ਭੀ ਜੂਡਇਜਮ ਵਾਂਗਰ ਇਕ ਪ੍ਰਮਾਤਮਾ ਨੂੰ ਹੀ ਬਹੁਤ ਭਾਵਨਾਂ ਅਤੇ ਪਿਆਰ ਨਾਲ ਮੰਨਦੇ ਹਨ।

ਜੂਡਇਜਮ ਵਿੱਚ ਪ੍ਰਮਾਤਮਾ ਇਕ ਹੈ ਜੋ ਸਦੀਵੀ; ਗੁੱਸੇ; ਬਦਲੇ ਦੀ ਭਾਵਨਾਂ ਵਾਲਾ ਅਤੇ ਦੁਸ਼ਮਨੀਆਂ ਕੱਢਣ ਵਾਲਾ ਹੈ। ਇਸਾਈ ਧਰਮ ਵਿੱਚ ਬਦਲਾਅ ਆਇਆ, ਪ੍ਰਮਾਤਮਾਂ ਇਕ ਪਿਆਰ ਭਰਿਆ, ਭੁੱਲਾਂ ਬਖਸ਼ਣ ਵਾਲਾ ਅਤੇ ਸਾਰਿਆਂ ਜੀਵਾਂ ਜੰਤਾਂ ਦੇ ਪਿਤਾ ਸਮਾਨ ਮੰਨਿਆਂ ਗਿਆ। ਹਿੰਦੂ ਧਰਮ ਦੇ ਦੇਵੀ ਦੇਵਤਿਆਂ ਦੀ ਭੀੜ ਵਿੱਚੋਂ ਪ੍ਰਮਾਤਮਾਂ ਨੂੰ ਸਮਝਣਾਂ ਮੁਸ਼ਕਲ ਹੈ ਪਰ ਪ੍ਰਮਾਤਮਾਂ ਨੂੰ ਇਕ ਅਗੰਮੀ ਸ਼ਕਤੀ ਮੰਨਿਆਂ ਗਿਆ ਹੈ।

ਸਿੱਖੀ ਵਿਚਾਰਾਂ ਅਨੁਸਾਰ, ਪ੍ਰਮਾਤਮਾ ਸਰਬ ਵਿਆਪਕ, ਅਪਹੁੰਚ ਹੈ ਜੋ ਬਿਲਕੁਲ ਸਹੀ ਹੈ ਪਰ ਪ੍ਰਮਾਤਮਾਂ ਦਇਆਲੂ ਭੀ ਹੈ।

ਰੱਬ ਅਤੇ ਧਰਮਾਂ ਦੀ ਵਿਆਖਿਆ ਕਰਨ ਵਾਲੇ ਅਤੇ ਅਜਿਹੇ ਹੋਰ ਲੋਕ ਇਸ ਬਾਰੇ ਵਿਸਤਾਰਤ ਲਿਖਣਾਂ ਪਸੰਦ ਕਰਦੇ ਹਨ। ਸੰਖੇਪ ਵਿੱਚ ਇਨ੍ਹਾਂ ਲਿਖਣਾਂ ਹੀ ਕਾਫੀ ਹੈ ਕਿ ਅਜਿਹੇ ਲਿਖਣ ਵਾਲੇ ਸਭ ਨਾਲ ਇਨਸਾਫ ਨਹੀਂ ਕਰ ਸਕਦੇ ਭਾਵੇਂ ਉਹ ਜੂਡੈਕ, ਹਿੰਦੂ ਜਾਂ ਸਿੱਖ ਧਰਮ ਹੋਵੇ।

ਕੁਝ ਹਿੱਸਾ, ਇਹਨਾਂ ਨੂੰ ਨਾ ਸਮਝ ਸਕਣ ਦਾ ਇਹ ਭੀ ਹੈ ਕਿ ਜੂਡੈਕ ਅਤੇ ਹਿੰਦੂ ਧਰਮ ਸਦੀਆਂ ਪੁਰਾਣੇ ਹਨ ਇਹਨਾਂ ਦਾ ਅਸਲੀ ਰੂਪ ਸਮੇਂ ਦੇ ਗੇੜ ਨੇ ਗਵਾ ਦਿੱਤਾ ਹੈ ਜਾਂ ਰੋਲ ਦਿੱਤਾ ਹੈ। ਜਦ ਅਸੀਂ ਹਿੰਦੂ ਧਰਮ ਬਾਰੇ ਸੋਚਦੇ ਹਾਂ ਇਹ ਹੋਰ ਭੀ ਗੁੰਝਲਦਾਰ ਬਣ ਜਾਂਦਾ ਹੈ ਇਸਦਾ ਇਤਹਾਸਕ ਮੂਲ ਕੋਈ ਮਿਲਦਾ ਹੀ ਨਹੀਂ ਹੈ।

ਪੁਰਾਣੇ ਭੁਲੇਖਿਆਂ ਭਰਪੂਰ ਧਰਮਾਂ ਦਾ ਮਿਥਹਾਸ ਕੇਵਲ ਗਰੀਸ, ਨੋਰਵੇ ਜਾਂ ਮਿਸਰ ਵਿੱਚ ਹੀ ਨਹੀਂ ਸਗੋਂ ਇਹ ਹਿੰਦੋਸਤਾਨ ਦੀ ਸਭਿਅਤਾ ਬਾਰੇ ਭੀ ਮਿਲਦਾ ਹੈ।ਮੇਰੇ ਲਈ ਤਾਂ ਹਿੰਦੂ ਧਰਮ ਦੇ ਦੇਵਤੇ ਅਤੇ ਦੇਵੀਆਂ, ਜੋ ਕਈਆਂ ਦਾ ਕੰਮ ਤਾਂ ਬਹੁਤ ਅੱਛਾ ਹੈ ਅਤੇ ਕਈ ਹੋਰ ਮਾੜੇ ਕੰਮਾਂ ਲਈ ਭੀ ਜੁੰਮੇਵਾਰ ਗਿਣੇ ਜਾਂਦੇ ਹਨ। ਜੋ ਮਿਸਰ ਦੀਆਂ ਮਿਥਹਾਸਕ ਕਹਾਣੀਆਂ ਵਾਂਗਰ ਹੀ ਹਨ।ਅਤੇ ਇਹਨਾਂ ਨੂੰ ਉਹਨਾਂ ਵਾਂਗਰ ਸਮਝਿਆ ਜਾਣਾਂ ਚਾਹੀਦਾ ਹੈ। ਨਿਸਚੈ ਤੌਰ ਤੇ, ਮਿਸਰ ਦੇ, ਈਕੋ, ਨਾਰਸਿਸਸ, ਹਰਕੁਲੀਸ, ਐਫਰੋਡਾਈਟ ਨਾਲ ਸਬੰਧਤ ਕਹਾਣੀਆਂ ਵਾਂਗਰ, ਮਿਥਹਾਸਕ ਹਨ ਸਚਾਈ ਨਾਲ ਕੋਈ ਸਬੰਧ ਨਹੀਂ ਹੈ।

ਹਿੰਦੂ ਧਰਮ ਨਾਲ ਸਬੰਧਤ ਮਿਥਹਾਸਕ ਕਹਾਣੀਆਂ, ਜਿਹਨਾਂ ਦਾ ਸਬੰਧ ਬ੍ਰਹਮਾ, ਸ਼ਿਵਾ, ਦੁਰਗਾ, ਲਕਸ਼ਮੀ, ਦੁਨੀਆਂ ਦੀ ਰਚਨਾਂ, ਰਮਾਇਣ ਅਤੇ ਭਗਵਦ ਗੀਤਾ ਆਦਿ ਹਨ, ਦੀਆਂ ਰਚਨਾਂ ਕਰਨ ਵਾਲਿਆਂ ਬਾਰੇ ਸ਼ੱਕ ਕੀਤਾ ਜਾ ਸਕਦਾ ਹੈ ਅਤੇ ਨਾਂਹੀ ਇਹਨਾਂ ਨੂੰ ਸੱਚ ਮੰਨਿਆ ਜਾ ਸਕਦਾ ਹੈ। ਭਾਵੇਂ, ਭਾਰਤ ਦੇਸ਼ ਦੀ ਵਸੋਂ ਭੀ ਅਣਗਿਣਤ ਹੈ ਪਰ ਫਿਰ ਭੀ ਹਿੰਦੂ ਧਰਮ ਦੇ ਸਾਰੇ ਦੇਵੀ ਦੇਵਤਿਆਂ ਦੀ ਗਿਣਤੀ ਮਿਥਹਾਸ ਅਨੁਸਾਰ ਇਸ ਤੋਂ ਭੀ ਵੱਧ ਹੈ।

ਯੂਰਪ ਵਿੱਚ ਭੀ ਕਰਿਸ਼ਚੈਨਟੀ ਦੀ ਵੱਖਰੀ ਅਤੇ ਸਪਸ਼ਟ ਵਿਚਾਰਧਾਰਾ ਹੈ ਉਥੇ ਦੀ ਪ੍ਰਚਲਤ ਮੁਢਲੀ ਧਰਮ ਦੇ ਸਬੰਧਤ ਮਿਥਹਾਸਕ ਵਿਚਾਰਧਾਰਾ ਨਾਲ ਕੋਈ ਨੇੜਤਾ ਨਹੀਂ, ਸਗੋਂ ਬਿਲਕੁਲ ਆਜ਼ਾਦ ਹੈ। ਕਰਿਸ਼ਚੈਨਟੀ ਨੇ ਆਪਣੇ ਆਪ ਨੂੰ ਸਥਾਪਤ ਕਰ ਲਿਆ ਹੈ। ਕਰਿਸ਼ਚੈਨਟੀ ਤੋਂ ਪਹਿਲੀ ਵਿਚਾਰਧਾਰਾ ਨੇ, ਕਈ ਕਰਿਸ਼ਚੀਨਜ ਦੀ ਸੋਚ ਤੇ ਅਸਰ ਪਾਇਆ ਹੈ ਅਤੇ ਅਜੇ ਭੀ ਨਾਲ ਹੀ ਮੰਨੀਆਂ ਜਾਂਦੀਆਂ ਹਨ। ਦੋਵੇਂ, ਗਰੀਕ ਮਿਥਹਾਸ ਅਤੇ ਕਰਿਸ਼ਚੈਨਟੀ ਦੇ ਵਿਸ਼ਵਾਸ ਬਿਲਕੁਲ ਵੱਖਰੇ ਹਨ ਅਤੇ ਸਮਝੇ ਜਾ ਸਕਦੇ ਹਨ ਅਤੇ ਉਹ ਵੱਖਰੇ ਰਹਿਣਗੇ ਭੀ।

ਮਿਥਹਾਸ ਹੋਣ ਕਾਰਣ ਹੀ ਦੁਨੀਆਂ ਦੇ ਪਹਿਲੇ ਮਨੁਖ ਇਸ ਬ੍ਰਹਮੰਡ ਵਿੱਚ ਆਪਣੇ ਆਪ ਨੂੰ ਪਛਾਣ ਸਕੇ ਸਨ। ਬਾਅਦ ਵਿੱਚ, ਇਕ ਸਮਝ ਵਿੱਚ ਆਉਣ ਵਾਲਾ, ਸਹੀ, ਕਿਸੇ ਖਾਸ ਪ੍ਰਬੰਧਕ ਢਾਂਚੇ ਨਾਲ ਬਣਿਆ ਹੋਇਆ, ਕਰਿਸ਼ਚੀਅਨ ਧਰਮ, ਹੋਂਦ ਵਿੱਚ ਆਇਆ। ਸਮਾਜ ਅੰਦਰ, ਧਰਮ ਅਤੇ ਇਨਸਾਨ ਦੀ ਹੈਸੀਅਤ ਦਾ ਕੀ ਅੰਦਰੂਨੀ ਸਬੰਧ ਹੈ ਬੜੇ ਸੁੰਦਰ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ ਕਰਿਸ਼ਚੀਅਨ ਧਰਮ ਵਿੱਚ।

ਹਿੰਦੂ ਧਰਮ ਅੰਦਰ ਬਿਲਕੁਲ ਹੀ ਵੱਖਰੀ ਸੋਚ ਉੱਭਰੀ। ਵੇਦਾਂਤਕ ਪ੍ਰਨਾਲੀ, ਪੁਰਾਣੇ ਮਿਥਹਾਸ ਦੇ ਉੱਪਰ ਹੀ ਬਣਾਈ ਗਈ ਉਸਨੂੰ ਬਦਲਿਆ ਨਹੀਂ ਗਿਆ ਅਤੇ ਨਾਂਹੀ ਉਸਨੂੰ ਵੱਖਰਾ ਸਮਝਿਆ ਗਿਆ। ਸਗੋਂ ਨਵੀਂ ਸੂਝ ਭਰੀ ਸੋਚ ਵੇਦਾਂਤਕ ਵਿਚਾਰਧਾਰਾ ਨੂੰ ਪੁਰਾਣੇ ਮਿਥਹਾਸ ਨਾਲ ਹੀ ਜੋੜਕੇ ਰੱਖਿਆ ਗਿਆ ਅਤੇ ਇਹ ਇਕ ਦੂਜੇ ਨਾਲ ਇੰਨੇ ਜੁੜ ਗਏ ਕਿ ਵੱਖਰੇ ਸਮਝੇ ਨਹੀਂ ਜਾ ਸਕਦੇ ਹਨ। ਨਤੀਜਾ ਇਹੋ ਹੀ ਨਿਕਲਿਆ ਕਿ ਹਿੰਦੂ ਧਰਮ ਮਿਥਹਾਸ ਭਰਪੂਰ ਹੀ ਬਣਿਆ ਰਿਹਾ।

ਮਿਥਹਾਸ ਅਤੇ ਉੱਨਤ ਸੋਚ ਜਾਂ ਫਲਾਸਫੀ ਦਾ ਆਮ ਬੰਦੇ ਦੇ ਮਨ ਅਤੇ ਨਿਤਾ ਪ੍ਰਤੀ ਜੀਵਨ ਵਿੱਚ ਇਸਤਰ੍ਹਾਂ ਦਾ ਅਸਰ ਹੋਇਆ ਕਿ ਉਹਨਾਂ ਦੋਨਾਂ ਦੇ ਸੂਤਰਾਂ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ ਸੀ।ਉਹ ਮਿਸ਼ਰਣ ਅੱਜ ਤੱਕ ਚੱਲ ਰਿਹਾ ਹੈ।

ਦੋ ਵੱਡੇ ਧਰਮ, ਬੁਧਇਜਮ ਅਤੇ ਸਿੱਖਇਜਮ, ਹਿੰਦੋਸਤਾਨ ਵਿੱਚ ਹੀ ਸ਼ੁਰੂ ਹੋਏ ਜਿਨ੍ਹਾਂ ਵਿੱਚ ਪੁਰਾਣੇ ਮਿਥਹਾਸ ਦਾ ਵਾਧੂ ਬੇਲੋੜਾ ਭਾਰ ਨਹੀਂ ਹੈ। ਬੁਧਇਜਮ ਤਾਂ ਆਪਣੀ ਧਰਤੀ ਤੋਂ ਤਕਰੀਬਨ ਖਤਮ ਹੀ ਹੋ ਚੁੱਕਾ ਹੈ ਭਾਵੇਂ ਇਸਦਾ ਪ੍ਰਭਾਵ ਗਵਾਂਢੀ ਦੇਸ਼ਾਂ ਵਿੱਚ ਪ੍ਰਫੁਲਿਤ ਹੈ, ਖਤਮ ਨਹੀਂ ਹੋਇਆ। ਸਿਖਇਜਮ, ਆਪਣੀ ਪਛਾਣ ਬਰਕਰਾਰ ਰੱਖ ਸਕਿਆ ਹੈ ਕਿਉਂਕਿ ਇਸਦੀ ਵਿਚਾਰਧਾਰਾ ਕਾਫੀ ਸਪਸ਼ਟ ਸਾਫ ਹੈ ਅਤੇ ਵੱਖਰੀ ਹੈ। ਇਸਦੀ ਕਈ ਵਾਰਾਂ ਸਾਬਤ ਹੋ ਚੁੱਕੀ, ਵਿਰੋਧ ਸਹਾਰ ਸਕਣ ਦੀ ਸ਼ਕਤੀ ਦਾ ਕਾਰਣ, ਇਸਦੀਆਂ ਅਲੱਗ ਪਹਿਚਾਣ ਨਿਸ਼ਾਨੀਆਂ ਹਨ।

ਭਾਵੇਂ ਇਸਤੇ ਲਗਾਤਾਰ ਹਮਲੇ ਹੋ ਰਹੇ ਹਨ, ਮਨੁੱਖੀ ਇਤਹਾਸ ਵਿੱਚ, ਇਸ ਵਕਤ, ਇਸਦਾ, ਪੁਨਰ ਜਨਮ ਹੋ ਰਿਹਾ ਹੈ। ਹਿੰਦੂਇਜਮ, ਇਸਦੇ ਵਿਰੋਧ ਵਿੱਚ, ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਪ੍ਰਮਾਤਮਾਂ ਨੇ ਸਿਰਫ ਨੌਂ ਵਾਰ ਜਨਮ ਲਿਆ ਹੈ ਅਤੇ ਸਿਰਫ ਇਕ ਵਾਰੀ ਹੋਰ ਭਵਿਖ ਵਿੱਚ ਜਨਮ ਲਏਗਾ।

ਕਰਿਸ਼ਚੀਅਨਜ ਬਹੁਤ ਭਾਵਪੂਰਕ ਦਲੀਲਾਂ ਦਿੰਦੇ ਹਨ ਕਿ ਜੀਸਸ, ਪ੍ਰਮਾਤਮਾ ਦਾ ਪੁੱਤਰ ਸੀ, ਹੋਰ ਕੋਈ ਉਸਦਾ ਬਾਪ ਨਹੀਂ ਸੀ। ਸਿੱਖ ਧਰਮ ਦੀ ਭੂਮਿਕਾ ਵਿੱਚ ਇਹ ਦਰਸਾਇਆ ਜਾਂਦਾ ਹੈ ਕਿ ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ। ਉਸਦੀ ਹੀ ਪੂਜਾ ਕਰੋ ਜਿਸ ਵਿੱਚ ਕੋਈ ਕਮੀ ਨਹੀ, ਪੂਰਾ ਹੈ, ਸਰਬ ਵਿਆਪਕ ਹੈ, ਜਨਮ ਦਾਤਾ ਹੈ। ਸਿੱਖ ਗੁਰੂਆਂ ਨੇ ਫੁਰਮਾਇਆ ਹੈ ਕਿ ਪ੍ਰਮੇਸ਼ਰ, ਉਹ ਆਪ ਨਹੀਂ ਹਨ ਅਤੇ ਨਾਂ ਹੀ ਧਾਰਮਿਕ ਪੁਸਤਕ ਹੈ-ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਅਸੀਂ ਸਾਰੇ ਪ੍ਰਮਾਤਮਾ ਦੇ ਧੀਆਂ, ਪੁੱਤਰ ਹਾਂ। ਪ੍ਰਮਾਤਮਾਂ ਸਭ ਕੁਝ ਤਿਆਗ ਕੇ, ਪਹਾੜਾਂ ਦੀਆਂ ਚੋਟੀਆਂ ਤੇ ਨਹੀਂ ਮਿਲਦਾ ਅਤੇ ਨਾਂਹੀ ਸਾਰੀ ਉਮਰ ਬ੍ਰਹਮਚਾਰੀ ਰਹਿ ਕੇ ਸਿਰਫ ਚਰਚ ਦੀ ਸੇਵਾ ਕਰਕੇ ਮਿਲਦਾ ਹੈ। ਵਿਆਹ ਕਰਵਾਓ, ਪਰਵਾਰ ਅੰਦਰ ਰਹੋ; ਸਾਰੀ ਉਮਰ, ਈਮਾਨਦਾਰੀ ਨਾਲ ਅੱਛੇ ਕੰਮ ਸੰਸਾਰ ਦੇ ਭਲੇ ਲਈ ਕਰਦੇ ਰਹੋ; ਨੇਕ ਨੀਤੀ ਨਾਲ ਕਮਾਇਆ ਧਨ ਵੰਡ ਕੇ ਸ਼ਕੋ; ਅਤੇ ਮਨ ਵਿੱਚ ਪਭੂ ਦੀ ਯਾਦ ਧਾਰ ਕੇ ਰੱਖੋ।

ਪ੍ਰਮੇਸਰ ਕਰਤਾ ਹੈ ਅਤੇ ਉਸਦੀ ਆਪਣੀ ਰਚਨਾਂ ਵਿੱਚੋਂ ਹੀ ਪ੍ਰਤੱਖ ਨਜ਼ਰ ਆਉਂਦਾ ਹੈ, ਸੋ ਉਸਦੀ ਰਚਨਾਂ ਨਾਲ ਇਕ ਸੁਰਤਾ ਨਾ ਰੱਖਣੀ ਪਾਪ ਹੈ। ਇਸੇ ਕਰਕੇ, ਪਸ਼ੂਆਂ ਦੀ ਕੁਰਬਾਨੀ ਦੇਣੀ ਦੀ ਕਿਰਿਆ ਕਰਮ ਨੂੰ ਠੀਕ ਨਹੀਂ ਸਮਝਦੇ, ਸਿੱਖ ਸ਼ਾਖਾਹਾਰੀ ਨਹੀ ਹਨ ਅਤੇ ਨਾਂਹੀ ਸਿੱਖ ਧਰਮ ਵਿੱਚ ਕੋਈ ਅਜਿਹਾ ਹੁਕਮ ਗੁਰੁ ਸਾਹਿਬ ਜੀ ਨੇ ਦਿੱਤਾ ਹੈ। ਪ੍ਰਮਾਤਮਾ ਨੂੰ ਕਹਿੰਦੇ ਹਨ ਕਿ ਉਹ ਹੀ ਉਹਨਾਂ ਦਾ ਮਰਦ ਦੇ ਰੂਪ ਵਿੱਚ ਪਿਤਾ ਹੈ, ਉਹਨਾਂ ਦੇ ਕੋਲ ਸ਼ਬਦ ਨਹੀਂ ਹਨ ਜਿਸ ਦੀ ਮੱਦਦ ਨਾਲ ਉਹ ਪ੍ਰਮਾਤਮਾ ਬਾਰੇ ਆਪਣੇ ਵੀਚਾਰ ਦੱਸ ਸਕਣ।ਸਿੱਖ ਇਹ ਮੰਨਦੇ ਹਨ ਕਿ ਪ੍ਰਮੇਸ਼ਰ ਦਾ ਕੋਈ ਲਿੰਗ ਨਹੀਂ ਹੈ ਅਤੇ ਨਾਂਹੀ ਕਿਸੇ ਕੌਮ ਜਾਂ ਧਰਤੀ ਦੇ ਖਾਸ ਭੂਗੋਲਕ ਹਿੱਸੇ ਨਾਲ ਸਬੰਧ ਹੈ ਉਸਦਾ ਕਿਸੇ ਖਾਨਦਾਨ ਨਾਲ ਸਬੰਧ ਨਹੀਂ ਹੈ ਅਤੇ ਨਾਂਹੀ ਉਸਦਾ ਖਾਸ ਰੂਪ ਹੈ।ਸਿੱਖ, ਕਹਿੰਦੇ ਹਨ ਕਿ ਪ੍ਰਮਾਤਮਾਂ ਹੀ ਉਹਨਾਂ ਦਾ ਪਿਤਾ, ਮਾਤਾ, ਭਾਈ, ਭੈਣ ਅਤੇ ਬਹੁਤ ਹੀ ਸੁੰਦਰ ਆਸ਼ਕ ਹੈ। ਪ੍ਰਮਾਤਮਾ ਕਿਉਂਕਿ ਉਹ ਮਰਦ ਹੈ ਜਾਂ ਔਰਤ, ਉਹ ਪੂਰਾ ਨਹੀਂ ਹੈ, ਇਸ ਕਰਕੇ ਉਸਦੀ ਪੂਜਾ ਕਰਨੀ ਠੀਕ ਨਹੀਂ ਹੈ। ਪ੍ਰਮਾਤਮਾਂ ਨੂੰ ਯਾਦ ਇਕ ਘੰਟੇ ਵਾਸਤੇ ਹੀ ਚਰਚ ਜਾਂ ਮੰਦਰ ਜਾਕੇ ਸਿਰਫ ਐਤਵਾਰ ਨੂੰ ਹੀ ਕਰਨਾਂ ਸਹੀ ਨਹੀਂ ਹੈ। ਹਰ ਵਕਤ ਪ੍ਰਮਾਤਮਾਂ ਦੀ ਯਾਦ ਤੋਂ ਬਿਨਾਂ ਬੰਦਾ ਅਧੂਰਾ ਹੈ, ਇਹ ਯਾਦ ਸਰੀਰ ਦਾ ਹਿੱਸਾ ਬਣ ਜਾਏ ਜਿੰਦਗੀ ਦਾ ਆਧਾਰ ਬਣਾਉਣਾਂ ਹੈ, ਇਕ ਪਲ ਜਿੰਨੇ ਸਮੇਂ ਲਈ ਨਹੀਂ ਭੁੱਲਣਾਂ।

ਮੋਟੇ ਤੌਰ ਤੇ ਕਹਿਣਾਂ ਹੋਵੇ ਇਕ ਜਿੰਮੀਦਾਰ ਨੂੰ ਤਾਂ, ਸਰੀਰ ਨੂੰ ਜ਼ਮੀਨ ਬਣਾਓ, ਨੇਕ ਕੰਮਾਂ ਨੂੰ ਹਲ ਬਣਾਓ ਤਾਂ ਹੀ ਜ਼ਮੀਨ ਨੂੰ ਬੀਜਿਆ ਜਾ ਸਕਦਾ ਹੈ। ਵਪਾਰੀ ਅਤੇ ਆਮ ਆਦਮੀ ਨੂੰ ਇਹ ਹਿਦਾਇਤਾਂ ਦਿੱਤੀਆਂ ਹਨ ਕਿ ਸੱਚ ਦੀ ਪੂਜਾ ਕਰਨੀ ਹੈ ਅਤੇ ਪ੍ਰਮਾਤਮਾ ਤੇ ਭਰੋਸੇ ਨੂੰ ਬੈਠਣ ਲਈ ਦਰੀ ਬਣਾਂਉਣੀ ਹੈ। ਸਿੱਖੀ ਦਾ ਸੁਨੇਹਾ ਸਾਦਾ, ਬਹੁਤ ਸਪਸ਼ਟ ਅਤੇ ਸਿੱਧਾ ਹੈ।

ਸੱਚ ਉੱਚਾ ਹੈ ਪਰ ਸੱਚਾ ਆਚਾਰ ਵਿਹਾਰ ਹੋਰ ਭੀ ਉੱਚਾ ਹੈ। ਇਸ ਕਰਕੇ ਸਿੱਖ, ਜੀਊਜ ਵਾਂਗਰ 'ਸਬਥ' ਹਫਤੇ ਇਕ ਦਿਨ ਸ਼ਨਿਚਰਵਾਰ ਆਰਾਮ ਕਰਦੇ ਹਨ, ਜਾਂ ਇਸ ਦਿਨ, ਪ੍ਰਮਾਤਮਾਂ ਕੋਲੋ, ਬਾਕੀ ਹਫਤੇ ਦੇ ਦਿਨਾਂ ਦੀਆਂ ਭੁੱਲਾਂ ਬਖਸ਼ਾਉਂਦੇ ਹਨ ਜਾਂ ਪ੍ਰਮਾਤਮਾ ਨੂੰ ਯਾਦ ਕਰਨ ਲਈ ਰੱਖਦੇ ਹਨ, ਅਤੇ ਇਹ ਸਭ ਕਿਰਿਆਵਾਂ ਲਈ ਖਾਸ ਮਹੱਤਤਾ ਦਿੰਦੇ ਹਨ। ਸਿੱਖਾਂ ਲਈ ਕਿਸੇ ਮਹੀਨੇ ਦੇ ਕੋਈ ਖਾਸ ਦਿਨ, ਜਾਂ ਹਫਤੇ ਦਾ ਕੋਈ ਖਾਸ ਦਿਨ ਜਾਂ ਹਰ ਦਿਨ ਦਾ ਕੋਈ ਖਾਸ ਸਮਾਂ, ਜ਼ਰੁਰੀ ਨਹੀਂ । ਹਰ ਕੰਮ ਨੂੰ ਭਾਵੇਂ ਕਿੰਨਾਂ ਭੀ ਮਾਮੂਲੀ ਹੋਵੇ ਪੂਰੀ ਲਗਨ ਨਾਲ ਕਰਦੇ ਹਨ ਅੰਦਰ ਪ੍ਰਮੇਸ਼ਰ ਦੀ ਯਾਦ ਨਾਲ ਜੁੜੇ ਰਹਿੰਦੇ ਹਨ ਉਹ ਕੰਮ ਨੂੰ ਭੀ ਪਵਿੱਤਰ ਹੀ ਸਮਝਦੇ ਹਨ। ਦੂਸਰੇ ਪਾਸੇ ਜੇ ਪਵਿੱਤਰ ਕੰਮ ਕਰਨ ਵੇਲੇ ਭੀ ਪ੍ਰਮੇਸ਼ਰ ਦੀ ਯਾਦ ਵਿਸਰ ਗਈ ਤਾਂ ਉਹ ਕੰਮ ਘਿਰਣਾ ਜਨਕ ਹੈ ਜਾਂ ਮਾੜਾ ਸਮਝਦੇ ਹਨ।

ਇਸੇਤਰ੍ਹਾਂ, ਇਕ ਦਿਨ, ਇਕ ਘੰਟਾ ਜਾਂ ਇਕ ਪਲ ਭੀ ਪ੍ਰਮੇਸ਼ਰ ਦੀ ਯਾਦ ਵਿੱਚ ਬੀਤਿਆ ਪਵਿੱਤਰ ਹੈ, ਬਾਕੀ ਸਮਾਂ ਬੀਤਿਆ ਤਾਂ ਬਰਬਾਦ ਹੀ ਹੁੰਦਾ ਹੈ। ਕੋਈ ਭੀ, ਕਿਸੇ ਭੀ ਧਾਰਮਿਕ ਬੰਦੇ ਦੁਆਰਾ ਕੀਤੇ ਕਰਮ ਕਾਂਡਾ ਜਾਂ ਖਾਸ ਧਾਰਮਿਕ ਰਸਮਾਂ ਕਰਵਾਉਣ ਨਾਲ ਦੁਨੀਆਂ ਦੇ ਐਸ਼ੋ ਆਰਾਮ ਨਹੀਂ ਲੈ ਸਕਦਾ ਭਾਵੇਂ ਵੱਧ ਤੋਂ ਵੱਧ ਪੈਸੇ ਖਰਚੇ ਜਾਣ।

ਮਿਥਹਾਸ ਕਹਾਣੀਆਂ ਦੀ ਬਹੁਤ ਬਰੀਕੀ ਨਾਲ ਕੀਤੀ ਗਈ ਸਹੀ ਵਿਆਖਿਆ ਭੀ ਖਤਰਨਾਕ ਹੈ। ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰ, ਦੁਨੀਆਂ ਦੀ ਰਚਨਾਂ ਬਾਰੇ ਹੈਰਾਨੀ ਜਨਕ ਹਨ ਅੱਜ ਦੇ ਯੁਗ ਦੀ ਸਾਇੰਸ ਦੀ ਤਰੱਕੀ ਅਤੇ ਖੋਜ ਅਨੁਸਾਰ ਭੀ ਸਹੀ ਹਨ। ਦੁਨੀਆਂ ਦੀ ਹੋਂਦ ਤੋਂ ਪਹਿਲਾਂ ਕੁਝ ਭੀ ਨਹੀਂ ਸੀ ਕੇਵਲ ਖਲਾਅ ਸੀ ਅਤੇ ਪ੍ਰਮੇਸ਼ਰ ਨੇ ਕਈ ਖੰਡ ਬ੍ਰਹਿਮੰਡ ਜਾਂ ਅਨੇਕਾਂ ਸੂਰਜ ਮੰਡਲ ਅਤੇ ਅਨੇਕਾਂ ਹੀ ਚੰਦ ਤਾਰੇ ਸਾਜੇ ਹਨ ਜਿੰਨਾਂ ਦੀ ਗਿਣਤੀ ਨਹੀ ਹੋ ਸਕਦੀ ਅਤੇ ਬੇਅੰਤ ਹਨ। ਗੁਰੁ ਸਾਹਿਬ ਜੀ ਨੇ ਦੁਨੀਆਂ ਦੀ ਰਚਨਾਂ ਦਾ ਕਿਹੜਾ ਸਮਾਂ, ਦਿਨ ਜਾਂ ਸਾਲ ਸੀ ਜਾਂ ਦੁਨੀਆਂ ਦੀ ਰਚਨਾਂ ਕਦ ਹੋਈ ਸੀ ਅਤੇ ਕਦ ਖਤਮ ਹੋਣੀ ਹੈ ਬਾਰੇ, ਹੋਰਨਾਂ ਦੇ ਬਿਆਨਾਂ ਨੂੰ ਘਟੀਆ, ਨਿਰਮੂਲ ਅਤੇ ਅਤੇ ਝੂਠਾ ਕਿਹਾ ਹੈ।

ਸ਼ਾਇਦ ਸਭ ਤੋਂ ਪਰਤੱਖ ਫਰਕ, ਜੂਡੇਕ ਵਿਚਾਰਧਾਰਾ ਅਤੇ ਸਿੱਖੀ ਵਿਚਾਰਧਾਰਾ ਵਿੱਚ ਇਹ ਹੈ ਕਿ ਜੂਡੇਕ ਮੰਨਦੇ ਹਨ ਕਿ ਬੰਦਿਆਂ ਨੇ ਪਾਪ ਕਰਮ ਕੀਤੇ ਸਨ ਇਸ ਕਰਕੇ ਮਨੁੱਖਾ ਜਨਮ ਲੈਣਾਂ ਪਿਆ ਹੈ, ਜਦ ਕਿ ਸਿੱਖ ਇਸ ਵਿਚਾਰਧਾਰਾ ਦੇ ਵਿਰੋਧੀ ਹਨ ਉਹਨਾਂ ਨੂੰ ਵਿਸ਼ਵਾਸ਼ ਹੈ ਕਿ ਮਨੁੱਖਾ ਜਨਮ ਇਕ ਦੁਰਲੱਭ ਮੌਕਾ ਮਿਲਿਆ ਹੈ ਜਿਸ ਵਿੱਚ ਮਨੁੱਖ ਦੂਸਰਿਆਂ ਮਨੁੱਖਾਂ ਦੀ ਸੇਵਾ ਕਰ ਸਕਦਾ ਹੈ ਅਤੇ ਪ੍ਰਮਾਤਮਾ ਨੂੰ ਮਿਲ ਸਕਦਾ ਹੈ।ਮਨੁੱਖਾ ਸਰੀਰ, ਪ੍ਰਮਾਤਮਾ ਦਾ ਹੀ ਸੁੰਦਰ ਮਹਿਲ ਹੈ ਜਿਸ ਦੀ ਸਾਂਭ ਸੰਭਾਲ ਕਰਨੀ ਹੈ ਅਤੇ ਇਸਨੂੰ ਤੰਦਰੁਸਤ ਰੱਖਣਾਂ ਚਾਹੀਦਾ ਹੈ।

ਇਸ ਮਨੁੱਖਾ ਸਰੀਰ ਦੀ ਦੋਸ਼ੀ, ਸ਼ਰਮਸਾਰ ਅਤੇ ਹੀਣਤਾ ਦੀ ਭਾਵਨਾਂ ਨੂੰ ਦੂਰ ਕਰਨ ਲਈ ਭੁੱਖੇ ਰਹਿਣਾਂ ਜਾਂ ਹੋਰ ਸਰੀਰਕ ਕਸ਼ਟ ਦੇਣੇ ਸਹੀ ਨਹੀਂ ਹਨ। ਜੀਵਨ ਅੱਛੀ ਤਰ੍ਹਾਂ ਆਰਾਮ ਨਾਲ ਨਾਂ ਬਤੀਤ ਕਰਨਾਂ ਪਾਪ ਹੈ ਸਗੋ ਪਾਪ ਤਾਂ ਇਹ ਹੈ ਕਿ ਇਹ ਜੀਵਨ ਦੀ ਦਾਤ ਜੋ ਮਿਲੀ ਹੈ ਉਸ ਵਿੱਚ ਹੋਰਨਾਂ ਦੀ ਸੇਵਾ ਨਹੀਂ ਕਰਦੇ ਕਿਉਂਕਿ ਇਸਤਰ੍ਹਾਂ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ।ਦੁਨੀਆਂ ਵਿੱਚ ਜੀਉਂਦਿਆਂ, ਸਮਾਜ ਨੂੰ ਹੋਰ ਚੰਗਾ ਬਣਾਉਣਾ ਹੈ, ਮਰਨ ਤੱਕ ਦੁਨੀਆਂ ਹੋਰ ਬਿਹਤਰ ਹੋਵੇ, ਜੇ ਇਸਤਰ੍ਹਾਂ ਨਹੀਂ ਕਰਦੇ ਤਾਂ ਇਹ ਪਾਪ ਹੈ।

ਸਿੱਖ ਧਰਮ ਇਹ ਜ਼ੋਰ ਦਿੱਤਾ ਜਾਂਦਾ ਹੈ, ਕਿ ਸਵਰਗ ਦਾ ਸ਼ਾਹੀ ਦਰਬਾਰ ਸਭ ਵਾਸਤੇ ਖੁੱਲਾ ਹੈ ਕਿਸੇ ਜਾਤਿ, ਧਰਮ, ਲਿੰਗ ਜਾਂ ਖਾਸ ਨਸਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਸਿੱਖ ਜੇ ਨਸਲੀ ਅਤੇ ਲਿੰਗ ਦਾ ਫਰਕ ਰੱਖਦਾ ਹੈ ਤਾਂ ਉਹ ਸਿੱਖੀ ਅਸੂਲਾਂ ਵਿੱਚ ਫੇਲ੍ਹ ਹੁੰਦਾ ਹੈ। ਜੋ ਪ੍ਰਮਾਤਮਾ ਅਤੇ ਗੁਰੂ ਨਾਲ ਇਕ ਮਿਕ ਹੁੰਦੇ ਹਨ ਉਹ ਚੁਣਵੇ ਲੋਗ ਹੁੰਦੇ ਹਨ ਅਤੇ ਉਹਨਾਂ ਦਾ ਕਿਸੇ ਕਿਸੇ ਖਾਸ ਜਾਤਿ, ਧਰਮ ਜਾਂ ਨਸਲ ਨਾਲ ਕੋਈ ਸਬੰਧ ਨਹੀਂ ਹੁੰਦਾ। ਇਨਸਾਨ ਅਤੇ ਪ੍ਰਮਾਤਮਾ ਵਿੱਚ ਕੋਈ ਦੂਜਾ ਨਹੀਂ ਹੁੰਦਾ ਜਾਂ ਕਿਸੇ ਦਲਾਲ ਦੀ ਲੋੜ ਨਹੀਂ ਹੁੰਦੀ।

ਇਸ ਦਾ ਮਤਲਬ ਇਹ ਹੈ ਕਿ ਧਾਰਮਿਕ ਪ੍ਰਚਾਰਕਾਂ ਦੀ ਕੋਈ ਹਸਤੀ ਨਹੀਂ ਮੰਨੀ ਗਈ ਇਹਨਾਂ ਦਾ ਕੰਮ ਸੀਮਿਤ ਹੀ ਮੰਨਿਆਂ ਗਿਆ ਸੀ- ਸਿਰਫ ਵਿਦਿਆ ਜਾਂ ਗਿਆਨ ਤੱਕ ਹੀ ਸੀ। ਇਹਨਾਂ ਦਾ ਕੰਮ ਚਰਚ ਦੇ ਅਸੂਲਾਂ ਵਾਂਗਰ ਨਹੀਂ ਸੀ, ਨਾਂਹੀ ਇਹਨਾਂ ਰਾਹੀ ਨਵੀਂ ਕਿਸਮ ਦੇ ਇਨਸਾਨ ਪੈਦਾ ਕਰਨਾਂ, ਜਿਹੜੇ ਧਾਰਮਕ ਲੀਹਾਂ ਦੇ ਮਾਰਗ ਦਰਸ਼ਕ ਬਣਨ। ਅਜਿਹਾ ਕੰਮ ਘੋੜਿਆਂ ਦੀਆਂ ਨਵੀਆਂ ਨਸਲਾਂ ਬਣਾਉਣ ਵਾਂਗਰ, ਆਦਮੀਆਂ ਨੂੰ ਬਦਲਣ ਦਾ ਹੁਨਰ ਲਗਦਾ ਮੈਨੂੰ। ਮੈਨੂੰ ਸ਼ੱਕ ਹੈ ਕਿ ਸ਼ਾਇਦ ਪ੍ਰਮਾਣਤ ਵਿਚਾਰਧਾਰਾ ਭੀ ਇਸਤਰ੍ਹਾਂ ਬਦਲ ਜਾਂਦੀਆਂ ਹੋਣ।

ਇਥੇ, ਆਰੀਆ ਲੋਕ ਭੀ ਕਾਕਸਸ{ ਏਸ਼ੀਆ ਅਤੇ ਯੂਰਪ ਦੇ ਬਾਰਡਰ ਦੇ ਇਲਾਕੇ} ਤੋਂ ਆਏ ਸਨ, ਸਕੰਦਰ ਮਹਾਨ ਦੇ ਕਬੀਲੇ ਜਾਂ ਕਈ ਵਾਰਰ ਖੈਬਰ ਦੇ ਦਰ੍ਹੇ ਤੋਂ ਹਮਲੇ ਹੋਏ ਸਨ। ਪੰਜਾਬ ਦੀ ਧਰਤੀ ਨੇ ਸਭ ਨੂੰ ਵਿਕਸਤ ਹੋਣ ਦਿੱਤਾ ਜੋ ਕਈ ਤਰ੍ਹਾਂ ਦੇ ਕਬੀਲਿਆਂ ਦਾ ਮਿਸ਼ਰਣ ਸੀ ਅਤੇ ਸਭ ਦੀ ਆਪੋ ਆਪਣੀ ਸੋਚ ਸੀ। ਅਸਰ ਇਹ ਹੋਇਆ ਕਿ ਪੰਜਾਬੀ ਲੋਕ ਇਸੇ ਕਰਕੇ ਤਨ ਅਤੇ ਮਨ ਦੇ ਬਲਵਾਨ, ਸ਼ਕਤੀਸ਼ਾਲੀ, ਉੱਦਮੀ ਅਤੇ ਮਿਲਣਸਾਰ ਹਨ। ਸੋ ਨਵੀਂ ਵਿਚਾਰ ਧਾਰਾ ਸਿੱਖੀ ਦੀ ਭੀ ਇਸੇਤਰ੍ਹਾਂ ਦੀ ਹੈ- ਅਨੰਦ ਕਰੋ, ਖੁਸ਼ੀਆਂ ਮਾਣੋ, ਕੋਈ ਤਕਲੀਫ ਜਾਂ ਕਮੀ ਨਹੀਂ।

ਜਦ ਕਰਿਸ਼ਚੈਨਟੀ ਜਵਾਨ ਸੀ ਤਦ ਕਈ ਜਿਊਜ ਨੇ ਜੀਸਸ ਨੂੰ ਆਪਣਾਂ ਮਸੀਹਾ- ਰਾਖਾ, ਮੰਨ ਲਿਆ ਸੀ ਪਰ ਫਿਰ ਭੀ ਅੰਦਰੋਂ ਜਿਊਜ ਹੀ ਰਹੇ, ਜੀਸਸ ਨੂੰ ਆਪਣਾ ਸਮਝਦੇ ਸਨ। ਹੁਣ, 2000 ਸਾਲ ਬਾਅਦ ਭੀ ਇਹ ਲਹਿਰ ਇਤਨੀ ਸ਼ਕਤੀਸ਼ਾਲੀ ਨਹੀਂ ਰਹੀ ਪਰ ਅੱਜ ਤੱਕ ਚੱਲ ਰਹੀ ਹੈ।ਸਿੱਖ ਧਰਮ ਬਣੇ ਨੂੰ ਸਿਰਫ 500 ਸਾਲ ਹੀ ਹੋਏ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਤਾਂ 300 ਸਾਲ ਹੀ ਹੋਏ ਹਨ। 300 ਸਾਲ ਤਾਂ ਦੁਨੀਆਂ ਦੇ ਇਤਹਾਸ ਅਨੁਸਾਰ, ਇਹ ਸਮਾਂ ਇਕ ਬਾਲਟੀ ਦੇ ਪਾਣੀ ਵਿੱਚ ਇਕ ਬੂੰਦ ਬਰਾਬਰ ਹੀ ਹੈ। ਸੋ ਇਹ ਹੈਰਾਨੀ ਜਨਕ ਨਹੀਂ ਹੈ ਕਿ ਇਸਨੂੰ ਮੰਨਣ ਵਾਲੇ ਇਕ ਪੈਰ ਹਿੰਦੂਆਂ ਦੀ ਬੇੜੀ{ ਜਿਨ੍ਹਾਂ ਦੀ ਬਹੁ ਗਿਣਤੀ ਹੈ} ਵਿੱਚ ਅਤੇ ਦੂਸਰਾ ਸਿੱਖੀ ਦੀ ਬੇੜੀ ਵਿੱਚ ਰੱਖ ਰਹੇ ਹਨ। ਕਈ ਹਿੰਦੂ ਹਨ ਜਿਹਨਾਂ ਨੇ ਸਿੱਖ ਧਰਮ ਨੂੰ ਪੂਰੀ ਤਰ੍ਹਾਂ ਨਹੀ ਮੰਨਿਆਂ-ਮਿਸਾਲ ਦੇ ਤੌਰ ਤੇ ਸਿੰਧੀ, ਜੇ ਕੋਈ ਧਾਰਮਿਕ ਪੁਸਤਕ ਪੜ੍ਹਦੇ ਹਨ ਉਹ ਉਹੋ ਹੀ ਹੈ ਜਿਸਨੂੰ ਸਿੱਖ ਮੰਨਦੇ ਹਨ-ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੇ ਕਿਤੇ ਧਾਰਮਿਕ ਸਥਾਨ ਤੇ ਜਾਂਦੇ ਹਨ ਤਾਂ ਹੋਰ ਕੋਈ ਨਹੀਂ ਵੱਖਰਾ ਨਹੀ ਹੈ।ਕਈ ਹੋਰ ਦੋਵਾਂ ਥਾਵਾਂ ਤੇ ਜਾਂਦੇ ਹਨ ਹਿੰਦੂ ਅਤੇ ਸਿੱਖ ਜਾਂ ਮੁਸਲਮ ਧਾਰਮਕ ਸਭਾਵਾਂ ਵਿੱਚ। ਕੁਝ ਇਸੇ ਤਰ੍ਹਾਂ ਹੀ ਅਫਰੀਕਾ ਦੇ ਮੁਸਲਮਾਨ ਜੋ ਕਰਿਸ਼ਚੀਅਨਜ ਬਣ ਗਏ ਹਨ, ਕਰਦੇ ਹਨ।

ਜਦ ਦਾ ਸਿੱਖ ਧਰਮ ਬਣਿਆ ਹੈ ਉਦੋ ਤੋਂ ਹੀ ਸਿੱਖਾਂ ਨੂੰ ਆਪਣੇ ਧਰਮ ਦੀ ਖਾਤਰ ਲੜਨਾਂ ਅਤੇ ਸ਼ਹੀਦ ਹੋਣਾਂ ਪਿਆ ਹੈ। ਇਸੇ ਕਰਕੇ, ਇਸ ਵਿੱਚ ਕੋਈ ਹੈਰਾਨੀ ਨਹੀਂ, ਕਈ ਲੋਗ ਤਾਂ ਘਰਾਂ ਵਿੱਚ ਸਿੱਖੀ ਮੰਨਦੇ ਹਨ, ਪਰ ਬਾਹਰ ਜਾਕੇ ਸਾਰਿਆਂ ਦੇ ਸਾਹਮਣੇ ਇਹ ਮੰਨਣ ਅਤੇ ਆਪਣੇ ਆਪ ਨੂੰ ਸਿੱਖ ਕਹਾਉਣ ਤੋਂ ਝਿਝਕਦੇ ਹਨ। ਬਿਲਕੁਲ ਇਸੇਤਰ੍ਹਾਂ ਹੀ, ਕਈ ਜਿਊਜ ਲੋਕਾਂ ਦੇ ਰੋਹ ਤੋਂ ਡਰਦੇ, ਮਰਾਨੋ ਜਿਊਜ ਘਰਾਂ ਵਿੱਚ ਜਿਊਜ ਬਣੇ ਰਹਿੰਦੇ ਹਨ ਪਰ ਬਾਹਰ ਜਾਕੇ ਸਾਰੀ ਧਾਰਮਕ ਕਿਰਿਆਵਾਂ, ਰਹਿਣੀ ਬਹਿਣੀ ਕਰਿਸ਼ਚੀਅਨਜ ਦੀ ਕਰਦੇ ਹਨ।

ਇਕ ਭੇਦ ਜੋ ਇਕ ਇਤਹਾਸਕ ਭੀ ਹੈ ਕਿ ਜੋ ਮੈਂ ਕਈ ਵਾਰ ਆਪਣੇ ਬਚਪਨ ਦੇ ਦਿਨਾਂ ਵਿੱਚ ਦੇਖਿਆ ਸੀ ਜੋ ਵਿਚਾਰਨ ਯੋਗ ਹੈ। ਸਿੱਖਾਂ ਨੂੰ ਆਪਣੀ ਪਹਿਚਾਣ ਬਣਾਈ ਰੱਖਣ ਲਈ ਕਈ ਵਾਰ ਲੜ੍ਹਨਾਂ ਪਿਆ, ਕਈ ਪੰਜਾਬੀ ਹਿੰਦੂ ਪਰਵਾਰ ਆਪਣੇ ਪਰਵਾਰ ਦਾ ਇਕ ਬੱਚਾ ਸਿੱਖ ਬਣਨ ਲਈ ਅਰਪਣ ਕਰਦੇ ਸਨ।ਇਸਤਰ੍ਹਾਂ ਇਕ ਬੱਚਾ ਅਰਪਣ ਕਰਕੇ ਆਪਣਾ ਕਰਜ ਅਤੇ ਇੱਜ਼ਤ ਸਿੱਖੀ ਜੀਵਨ ਨੂੰ ਵਾਪਸ ਦਿੰਦੇ ਸਨ ਅਤੇ ਬਾਕੀ ਸਾਰੇ ਪਰਵਾਰ ਨੂੰ ਇਕ ਖਤਰਿਆਂ ਭਰਪੂਰ ਸਿੱਖੀ ਜਿੰਦਗੀ ਤੋਂ ਅਲੱਗ ਰੱਖਣਾਂ ਭੀ ਮੰਨਦੇ ਸਨ।ਇਸਤਰ੍ਹਾਂ ਉਹਨਾਂ ਦੀ ਆਪਣੀ ਸੁਰੱਖਿਆ ਭੀ ਹੋ ਜਾਂਦੀ ਸੀ।

ਜੇ ਸਿੱਖੀ ਧਾਰਨਾਂ ਨੇ ਇਹ ਸਮਝਿਆ ਹੈ ਕਿ ਰੱਬ ਦੇ ਘਰ ਅਖੀਰਲਾ ਇਨਸਾਫ ਹੈ, ਹਿੰਦੂ ਧਰਮ ਵਾਲਿਆਂ ਤੋ ਜੇ ਸਿਖਾਂ ਨੇ ਗੱਲ ਲੈ ਲਈ 'ਕਰਮਾਂ' ਦਾ ਯੋਗਦਾਨ ਹੂੰਦਾ ਹੈ। ਕਰਮਾਂ ਨਾਲ ਵਾਧੂ ਫਜ਼ੂਲ ਦੀਆਂ ਪੈਰਾਂ ਦੀ ਬੇੜੀਆਂ, ਜਿਵੇਂ ਤੀਵੀਆਂ ਨੂੰ ਮਾੜਾ ਸਮਝਣਾਂ ਜਾਂ ਹੋਰ ਲਿੰਗ ਨਾਲ ਜੁੜੀਆਂ ਭਾਵਨਾਂਵਾਂ, ਜਾਤਾਂ ਨਾਲ ਵਿਤਕਰਾਂ ਕਰਨਾਂ ਆਦਿ, ਨੂੰ ਦੂਰ ਕੀਤਾ। ਹੈਰਾਨੀ ਹੁੰਦੀ ਹੈ ਕਿ ਭਗਤੀ ਕਰਨ ਲਈ ਸੰਗੀਤ ਲਈ ਕੋਈ ਸਥਾਨ ਨਹੀਂ ਇਸਲਾਮ ਵਿੱਚ। ਹਿੰਦੂ ਧਰਮ ਨੇ ਸੰਗੀਤ ਨੂੰ ਨਾਂ ਕੇਵਲ ਪ੍ਰਫੁਲਿਤ ਹੀ ਕੀਤਾ, ਸਗੋਂ ਇਸਨੂੰ ਸੂਖਮ ਕਲਾ ਦਾ ਦਰਜਾ ਦਿੱਤਾ। ਸੰਗੀਤ ਨੂੰ ਹੋਰ ਭੀ ਉੱਤਮ ਬਣਾ ਦਿੱਤਾ ਗਿਆ ਇਸ ਦੇ ਨਾਲ ਨੱਚਣਾਂ ਅਤੇ ਕੁਆਰੀ ਕੁੜੀਆਂ ਨੂੰ ਖਾਸ ਵਸਤਰ ਪਹਿਨ ਕੇ, ਭਗਤੀ ਕਰਨ ਲਈ ਨੱਚਣ ਦੀ ਆਗਿਆ ਦਿੱਤੀ ਗਈ।ਸਿੱਖ ਧਰਮ ਵਿੱਚ ਕਰਿਸ਼ਚੀਅਨਜ ਦੀ ਤਰ੍ਹਾਂ, ਸੰਗੀਤ ਰਾਹੀਂ, ਆਤਮਕ ਉੰਨਤੀ ਕਰ ਸਕਣ ਲਈ ਪਰਵਾਨਗੀ ਦਿੱਤੀ ਗਈ। ਪਰ ਇਸ ਦੇ ਨਾਲ ਕੁੜੀਆਂ ਦੇ ਨੱਚਣ ਨੂੰ ਠੀਕ ਨਹੀਂ ਸਮਝਿਆ ਗਿਆ।

ਹਿੰਦੂ ਧਰਮ ਵਿੱਚ, ਇਕੱਠ ਵਿੱਚ ਪੂਜਾ{ ਸੰਗਤੀ ਰੂਪ} ਕਰਨੀ ਜ਼ਰੂਰੀ ਨਹੀਂ ਸਮਝੀ ਗਈ, ਸਗੋਂ ਸਭ ਤੋਂ ਅਲੱਗ, ਇਕੱਲੇ ਬੈਠ ਕੇ ਪੂਜਾ ਕਰਨ ਨੂੰ ਹੀ ਠੀਕ ਸਮਝਿਆ ਗਿਆ। ਜੂਡੇਇਜਮ ਅਤੇ ਇਸਦੇ ਦੋ ਬੱਚੇ -ਕਰਿਸ਼ਚੈਨਟੀ ਅਤੇ ਇਸਲਾਮ- ਵਿੱਚ ਆਪਸੀ ਮੇਲ ਮਿਲਾਪ ਕਰਨ ਲਈ ਸੰਗਤ ਨੂੰ ਜਾਂ ਇਕੱਠ ਦੀ ਪੂਜਾ ਕਰਨ ਨੂੰ ਬਹੁਤ ਜ਼ਰੂਰੀ ਅਤੇ ਬਹੁਤ ਉੱਤਮ ਮੰਨਿਆ ਗਿਆ।

ਸਿੱਖ ਧਰਮ ਵਿੱਚ ਦੋਹਾਂ ਪੱਖਾਂ ਦੀ ਕੀਮਤ ਪਾਈ ਗਈ। ਅਲੱਗ ਬੈਠਣ ਨਾਲ ਆਪਣੇ ਅੰਦਰ ਸੱਚ ਭਾਲਣ ਜਾਂ ਪ੍ਰਮੇਸ਼ਰ ਨੂੰ ਪਾ ਸਕਣ ਦਾ ਮੌਕਾ ਮਿਲਦਾ ਹੈ। ਇਕੱਠ ਵਿੱਚ ਬੈਠਣ ਨੂੰ ਭੀ ਜ਼ਰੂਰੀ ਸਮਝਿਆ ਗਿਆ ਇਸਤਰ੍ਹਾਂ ਇਨਸਾਨ ਨੂੰ ਪ੍ਰਮੇਸ਼ਰ ਨੂੰ ਹਰ ਥਾਂ ਦੇਖਣ ਜਾਂ ਆਪਣੇ ਆਪ ਤੋਂ ਬਾਹਰ ਭੀ ਸਮਝਣ ਦਾ ਮੌਕਾ ਮਿਲਦਾ ਹੈ। ਸਿੱਖੀ ਅਸੂਲਾਂ ਅਨੁਸਾਰ, ਅਦ੍ਰਿਸ਼ਟ ਪ੍ਰਮੇਸ਼ਰ, ਸੰਗਤ ਵਿੱਚ ਕਣ ਕਣ ਵਿੱਚ ਸਮਾਇਆ ਨਜ਼ਰ ਆਉਂਦਾ ਹੈ।ਸਿੱਖ ਮੱਤ ਅਨੁਸਾਰ, ਸੰਗਤ ਹੀ, ਪ੍ਰਮਾਤਮਾਂ ਨੂੰ ਮਿਲਣ ਲਈ, ਸਭ ਤੋਂ ਉੱਤਮ ਤਰੀਕਾ ਹੈ ਜੋ ਉਸਦੀ ਸ਼ਕਤੀ ਦਾ ਪੂਰਕ ਹੈ।

ਸਿੱਖੀ ਜੀਵਨ ਦਾ ਖੁਲਾਸਾ ਕਰਨ ਲਈ, ਸੰਖੇਪ ਵਿੱਚ, ਇਹਨਾਂ ਤਿੰਨਾਂ ਪੱਖਾਂ ਨਾਲ ਕੀਤਾ ਜਾ ਸਕਦਾ ਹੈ, ਜਿਵੇਂ ਕਿਸੇ ਸਥਿਰ ਸਟੂਲ ਦੀ ਤਿੰਨ ਲੱਤਾਂ ਹੋਣੀਆਂ ਚਾਹੀਦੀਆਂ ਹਨ। ਪਹਿਲਾ, ਈਮਾਨਦਾਰੀ ਨਾਲ ਕਾਰਜ ਕਰਨੇ ਅਤੇ ਈਮਾਨਦਾਰੀ ਨਾਲ ਹੀ ਖਰਚ ਕਰਨਾਂ; ਵੰਡ ਕੇ ਛਕਣਾਂ ਹੋਰਨਾਂ ਸਾਥੀਆਂ ਨਾਲ; ਇਹ ਦੋਵੇਂ ਕਾਰਜ ਕਰਨ ਲੱਗੇ, ਮਨ ਵਿੱਚ ਧਿਆਨ ਹੋਣਾਂ ਚਾਹੀਦਾ ਉਸ ਬੇਅੰਤ ਵੱਲ। ਕੋਈ ਭੀ ਪੁਰਸ਼ ਪਹਿਲੇ ਦੋ ਹੁਕਮਾਂ ਨੂੰ ਮਨਾਹ ਨਹੀਂ ਕਰ ਸਕਦਾ। ਕਈ ਲੋਗ, ਜਿਵੇਂ ਪ੍ਰਸਿੱਧ ਲਿਖਾਰੀ ਖੁਸ਼ਵੰਤ ਸਿੰਘ, ਇਹ ਗੱਲਾਂ ਸਮਝ ਨਹੀਂ ਸਕਿਆ ਕਿ ਜੇ ਆਦਮੀ ਬੇਅੰਤ ਪ੍ਰਮਾਤਮਾਂ ਨੂੰ ਆਪਣੇ ਅੰਦਰ ਪਹਿਛਾਣ ਲਏਗਾ, ਤਾਂ ਉਸਨੂੰ ਇਸ ਸੰਸਾਰ ਦੀ ਰਚਨਾਂ ਵਿੱਚ ਆਪਣੇ ਆਪ ਨੂੰ ਕਿਥੈ ਹੈ ਸਮਝ ਸਕੇਗਾ, ਇਸ ਨਾਲ ਸਾਰੀ ਰਚਨਾਂ ਦੀ ਆਪਸ ਵਿੱਚ ਇਕਸਾਰਤਾ ਦੀ ਮੁਢਲੀ ਜਾਣਕਾਰੀ ਪਾ ਸਕੇਗਾ। ਸਾਰੀ ਰਚਨਾਂ, ਇਨਸਾਨ ਜਾਂ ਹੋਰਨਾਂ ਲਈ ਇਕੋ ਜਿਹੀ ਭਾਵਨਾਂ ਹੋਵੇਗੀ, ਉਸਦੀ ਆਪਣੀ ਹਉਮੈ ਘੱਟ ਜਾਏਗੀ।

ਤੀਸਰੀ ਲੱਤ ਸਟੂਲ ਦੀ ਇਹ ਹੋਏਗੀ, ਜਿਸ ਨਾਲ ਆਦਮੀ ਆਪਣੇ ਆਪ ਤੋਂ ਬਾਹਰ ਹੋ ਕੇ ਸਾਰੀ ਮਾਨਵਤਾ ਲਈ ਸੋਚੇਗਾ ਅਤੇ ਦੇਖ ਸਕੇਗਾ ਕਿ ਕਿਵੇ ਇਨਸਾਨੀ ਜਿੰਦਗੀ ਵਿਰਲਿਆਂ ਨੂੰ ਹੀ ਭਾਗਾਂ ਨਾਲ ਮਿਲੀ ਹੈ, ਜਿਸ ਕਰਕੇ ਉਹ ਸਾਰੇ ਵਾਤਾਵਰਣ ਨੂੰ ਬਿਹਤਰ ਬਣਾਏਗਾ ਅਤੇ ਹੋਰ ਭਾਈਬੰਦਾਂ ਲਈ ਭੀ ਕੰਮ ਕਰੇਗਾ।

ਹੋਰ ਭੀ ਪੱਖ ਜਿਥੇ ਸਿੱਖੀ ਅਸੂਲ, ਜੂਡੇਕ ਅਤੇ ਹਿੰਦੂ ਧਾਰਨਾਵਾਂ ਤੋਂ ਵੱਖਰੇ ਹਨ ਜਿਵੇਂ ਆਮ ਆਦਮੀ ਦੀ ਬਹੁਤ ਮਹੱਤਤਾ ਹੈ ਉਹ ਸਿੱਖ ਧਰਮ ਦਾ ਸ਼ਰਧਾਲੂ ਹੋ ਸਕਦਾ ਹੈ। ਉਦਾਹਰਣ ਦੇ ਤੌਰ ਤੇ, ਜੋ ਢੰਗ ਈਸਾਈਆਂ ਵਿੱਚ ਮੰਨਿਆਂ ਜਾਂਦਾ ਹੈ ਕਿ ਪਾਦਰੀ ਦੀ ਲੋੜ ਪੈਂਦੀ ਹੈ ਜਿਸਨੂੰ ਸ਼ੈਫਰਡ ਕਹਿੰਦੇ ਹਨ ਉਹੋ ਹੀ ਬਾਕੀਆਂ ਨੂੰ ਧਰਮ ਬਾਰੇ ਅਗਵਾਈ ਦੇ ਸਕਦਾ ਹੈ ਜਾਂ ਪਾਠ ਕਰ ਸਕਦਾ ਹੈ ਉਸਦੀ ਲੋੜ ਰਹਿੰਦੀ ਹੈ, ਬਿਲਕੁਲ ਇਸੇਤਰ੍ਹਾਂ ਹੀ ਹਿੰਦੂ ਧਰਮ ਵਿੱਚ,

ਪੰਡਤਾਂ ਦੀ ਲੋੜ ਰਹਿੰਦੀ ਹੈ ਇਕ ਵਿਚੋਲੇ ਦੇ ਤੌਰ ਤੇ ਕੋਈ ਧਾਰਮਕ ਕੰਮ ਕਰਨ ਲਈ, ਮੰਨੇ ਜਾਂਦੇ ਹਨ, ਸਿੱਖਾਂ ਵਿੱਚ ਇਸ ਕਿਸਮ ਦੀ ਲੋੜ ਬਿਲਕੁਲ ਨਹੀਂ।

ਸਿੱਖਾਂ ਵਿੱਚ, ਵਿਚੋਲਿਆਂ ਜਾਂ ਆੜ੍ਹਤੀਆਂ ਦੀ ਲੋੜ- ਧਾਰਮਕ ਸਿਖਿਆ ਪ੍ਰਾਪਤ ਬੰਦਿਆਂ ਦੀ ਲੋੜ ਖਤਮ ਕੀਤੀ ਗਈ ਹੈ। ਪਾਠ ਕਰਨ ਲਈ ਪੋਥੀਆਂ ਮਿਲਦੀਆਂ ਹਨ, ਕੋਈ ਅਣਜਾਣ ਬੰਦਾ ਜਾਂ ਧਾਰਮਕ ਆਦਮੀ, ਮਰਦ, ਔਰਤ, ਉੱਚੀ ਜਾਤ ਦਾ ਜਾਂ ਕੋਈ ਭੀ, ਸਿੱਖ ਜਾਂ ਗੈਰ ਸਿੱਖ ਭੀ ਲੈ ਜਾ ਸਕਦਾ ਹੈ। ਨਿਮਰਤਾ ਸਹਿਤ ਇਹ ਕਿਹਾ ਜਾ ਸਕਦਾ ਹੈ, ਹਿੰਦੂ ਪੁਸਤਕਾਂ ਇਸਤਰ੍ਹਾਂ ਨਹੀਂ ਮਿਲਦੀਆਂ ਅਤੇ ਨਾਂਹੀ ਨੀਵੀਂ ਜਾਤੀ ਦੇ ਜਾਂ ਔਰਤਾਂ ਲੈ ਸਕਦੀਆਂ ਹਨ।

ਫਰਾਂਸ ਦੇ ਸ਼ਹਿਰ, ਨਾਰਬੋਂਨ ਦੀ ਕੌਂਸਲ ਨੇ ਇਹ ਹੁਕਮ ਜ਼ਾਰੀ ਕੀਤਾ, ਕਿ ਆਮ ਆਦਮੀ ਨੂੰ ਪਵਿੱਤਰ ਬਾਈਬਲ ਦਾ ਕੋਈ ਭੀ ਹਿੱਸਾ ਕੋਲ ਰੱਖ ਸਕਣ ਦੀ ਮਨਾਹੀ ਹੈ। ਇਸ ਹੁਕਮ ਨੂੰ ਸੈਕੜੇ ਸਾਲਾਂ ਤੱਕ ਬਦਲਿਆ ਨਹੀਂ ਗਿਆ ਸੀ।

ਸਿੱਖ ਧਰਮ ਵਿੱਚ ਕੋਈ ਕਿਸੇ ਨੂੰ ਰੋਕ ਨਹੀਂ ਸਕਦਾ ਕਿ ਉਹ ਸਿੱਖ ਧਰਮ ਸਬੰਧੀ ਕਿਸੇ ਰਸਮ ਵਿੱਚ ਸ਼ਾਮਿਲ ਹੋਵੇ ਜਾਂ ਆਪ ਕਰ ਸਕੇ। ਅਤੇ ਇਹ ਭੀ ਨਹੀਂ ਕਿ ਇਹ ਰਸਮ ਕੇਵਲ ਗੁਰਦੁਆਰੇ ਵਿੱਚ ਹੋ ਸਕਦੀ ਹੈ ਅਜਿਹੀ ਰਸਮ ਭਾਵੇਂ ਘਰਾਂ ਵਿੱਚ, ਖੁਲ੍ਹੀ ਥਾਂਵੇਂ ਅਤੇ  ਨਾਂ ਹੀ ਇਸਤਰ੍ਹਾਂ ਧਾਰਮਕ ਰਸਮ ਕਰਨ ਲਈ ਕਿਸੇ ਭਾਈ ਤੋਂ ਆਗਿਆ ਲੈਣੀ ਪੈਂਦੀ ਹੈ।

ਇਹ ਭੀ ਗੱਲ ਦੇਖਣ ਯੋਗ ਹੈ ਕਿ ਸਿੱਖ ਧਰਮ ਅਜੇ ਨਵਾਂ ਅਤੇ ਜਵਾਨੀ ਵਿੱਚ ਹੈ, ਸਿੱਖ ਧਰਮ ਦੇ ਧਾਰਮਕ ਗ੍ਰੰਥ ਦਾ ਰਚਨਹਾਰਾ, ਇਸ ਦੀ ਲਿਖਤ ਸਹੀ ਹੋਣ ਅਤੇ ਇਸਦੇ ਲੇਖਕਾਂ ਬਾਰੇ ਕੋਈ ਸ਼ੱਕ ਨਹੀਂ, ਸਭ ਕੁਝ ਸਾਫ ਅਤੇ ਪ੍ਰਮਾਣਿਤ ਹੈ। ਅਜਿਹੀ ਪ੍ਰਮਾਣਤਕਾ ਪੁਰਾਣੇ ਧਰਮਾਂ ਦੀਆਂ ਪੁਸਤਕਾਂ ਬਾਰੇ ਨਹੀਂ ਮਿਲਦੀ ਅਤੇ ਨਾਂਹੀ  ਸਾਬਤ ਕਰਨਾਂ ਆਸਾਨ ਹੈ।

ਅਜਿਹਾ ਲਗਦਾ ਹੈ ਜਦ ਆਦਮੀ ਦਾ ਆਪਣੇ ਆਲੇ ਦੁਆਲੇ ਨਾਲ ਕੋਈ ਵਿਵਾਦ ਖੜਾ ਹੋ ਜਾਂਦਾ ਹੈ ਤਾਂ ਉਹ ਮਜ਼ਬੂਰ ਹੋ ਕੇ ਜ਼ਰੂਰ ਹੀ, ਹਿੰਦੂ ਵੇਦਾਂਤਕ, ਜੂਡੇ-ਇਸਾਈ ਰੀਤਾਂ ਅਨੁਸਾਰ, ਬਿਲਕੁਲ ਪੁੱਠੇ ਤਰੀਕਿਆਂ ਨਾਲ ਉਹਨਾਂ ਦਾ ਹੱਲ ਲਭਦਾ ਹੈ। ਆਮ ਤੌਰ ਤੇ, ਪੱਛਮੀ ਜੂਡੇ-ਕਰਿਸ਼ਚੀਅਨ ਵਿਚਾਰਾਂ ਜੋ ਉੱਤਰੀ ਅਮਰੀਕਾ ਦੀ ਵਿਚਾਰਧਾਰਾ ਦੀ ਮਿਸਾਲ ਹੈ, ਜੋ ਕਹਿੰਦੇ ਹਨ, "ਕਿ ਦੁਨੀਆਂ ਅਜਿਹੀ ਨਹੀਂ ਜੋ ਹੋਣੀ ਚਾਹੀਦੀ ਹੈ ਅਤੇ ਮੈਂ ਜੋ ਦਿਸਦਾ ਹੈ ਉਸਨੂੰ ਬਦਲਣਾਂ ਹੈ ਜਿਹੜੀ ਮੇਰੇ ਮੁਤਾਬਕ ਹੋਵੇ ਜਿਵੇਂ ਮੈ ਚਾਹੁੰਦਾ ਹਾਂ। ਮੈਂ ਕੁਦਰਤ ਦਾ ਮਾਸਟਰ ਬਨਣਾਂ ਚਾਹੁੰਦਾ ਹਾਂ, ਦੁਬਾਰਾ ਢਾਲਕੇ ਨਵੇਂ ਸਿਰਿਓਂ ਆਪਣੀ ਸਹੂਲੀਅਤ ਅਨੁਸਾਰ ਬਣਾਉਣਾਂ ਚਾਹੁੰਦਾ ਹਾਂ ਭਾਵੇਂ ਇਸਤਰ੍ਹਾਂ ਕਰਦਿਆਂ ਮੇਰੀ ਮੌਤ ਭੀ ਹੋ ਜਾਵੇ"।

ਬਹੁਤ ਵਾਰੀ ਦੋਵੇਂ ਚੀਜਾਂ ਹੁੰਦੀਆਂ ਹਨ। ਤਕਨੀਕੀ ਤਰੱਕੀ ਨਵੇਂ ਰਸਤੇ ਖੋਲਦੀ ਹੈ, ਦੁਨੀਆਂ ਸਾਡੇ ਆਲੇ ਦੁਆਲੇ ਬਦਲੀ ਨਜ਼ਰ ਆਉਂਦੀ ਹੈ ਅਤੇ ਜਿਸਤਰ੍ਹਾਂ ਅਸੀਂ ਚਾਹੁੰਦੇ ਹੁੰਦੇ ਹਾਂ। ਇਸਦੀ ਕੀਮਤ ਆਤਮਕ ਗਿਰਾਵਟ ਰਾਹੀਂ ਚੁਕਾਉਣੀ ਪੈਂਦੀ ਹੈ ਜੋ ਬਹੁਤ ਹੀ ਭਿਆਨਕ ਹੁੰਦੀ ਹੈ। ਜਰਾ ਦੇਖੋ, ਇਨਸਾਨੀ ਕੀਮਤਾਂ ਦੀ ਬਰਬਾਦੀ, ਪਰਵਾਰਕ ਸਾਂਝ ਦੀ ਕਮੀ, ਸਮਾਜਕ ਜੀਵਨ ਦੀ ਤਬਾਹੀ। ਇਸ ਤੋਂ ਬਿਨਾਂ, ਸਾਡੇ ਮਨੋਵਿਗਿਆਨਕ ਡਾਕਟਰ ਅਤੇ ਵਕੀਲਾਂ ਪਾਸ ਇੰਨਾ ਕੰਮ ਨਾਂ ਹੁੰਦਾ।

ਦੂਸਰੇ ਪਾਸੇ, ਇਸੇਤਰ੍ਹਾਂ ਦੇ ਵਾਤਾਵਰਣ ਦੇ ਨਾਲ ਵਿਵਾਦ ਨਾਲ, ਏਸ਼ੀਆ ਦੇ ਲੋਕਾਂ ਲਈ ਹਿੰਦੂ-ਵੇਦਾਂਤਕ ਆਧਾਰ ਤੇ ਬਣੀ ਵਿਚਾਰਧਾਰਾ ਬਿਲਕੁਲ ਅਲੱਗ ਹੈ, ਇਸ ਦੀ ਧਾਰਨਾਂ ਹੈ ਕਿ ਬਾਹਰ ਦਿਸਦੀ ਦੁਨੀਆਂ ਉਸਤਰ੍ਹਾਂ ਦੀ ਨਹੀਂ ਹੈ ਜਿਹੋ ਜਿਹੀ ਹੋਣੀ ਚਾਹੀਦੀ ਸੀ। ਪਰ ਦੁਨੀਆਂ, ਜੋ ਇਨਸਾਨ ਦੇ ਅੰਦਰ ਹੈ, ਉਹ ਬਾਹਰਲੀ ਦੁਨੀਆਂ ਤੋਂ ਕਿਤੇ ਵੱਧ ਸੁੰਦਰ ਹੈ, ਜਿਸਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਮੈਂ ਅੱਖਾਂ ਬੰਦ ਕਰ ਰਿਹਾ ਹਾਂ, ਅੰਤਰ ਮੁਖੀ ਹੋਣ ਲੱਗਾ ਹਾਂ, ਜਿਸ ਨਾਲ ਮੈਨੂੰ ਬਹੁਤ ਸ਼ਾਂਤੀ ਮਿਲੇਗੀ।ਮਨ ਭਾਉਂਦਾ ਨਤੀਜਾ ਮਿਲ ਜਾਂਦਾ ਹੈ, ਪਰ ਕੀਮਤ ਕੀ ਦੇਣੀ ਪੈਂਦੀ ਹੈ? ਇਸਤਰ੍ਹਾਂ ਬੰਦਾ, 2000 ਸਾਲ ਤੱਕ ਰਹਿ ਸਕਦਾ ਹੈ, ਗੰਦਗੀ ਵਿੱਚ, ਬੇਇਨਸਾਫੀ ਵਾਲੀ ਜਿੰਦਗੀ ਵਿੱਚ, ਇਸਦੇ ਬਾਵਜੂਦ ਮਨ ਨੂੰ ਸੁਖ ਹੈ ਅਤੇ ਆਦਮੀ ਸਮਝਦਾ ਹੈ ਕਿ ਦੁਨੀਆਂ ਵਿੱਚ ਸਭ ਠੀਕ ਚਲ ਰਿਹਾ ਹੈ। ਵਿਕਾਸ ਕਰਨ ਦੀ ਲੋੜ ਹੀ ਨਹੀਂ, ਜੇ ਸੰਭਵ ਨਹੀਂ ਜਾਂ ਮਨ ਮੰਗਦਾ ਨਹੀਂ ਹੈ।

ਸਪੱਸ਼ਟ ਹੈ, ਇਹ ਦੋਵੇ ਰਵੱਈਆਂ ਵਿੱਚ ਕਮੀ ਹੈ। ਸਿੱਖੀ ਵਿਚਾਰਧਾਰਾ ਅਨੁਸਾਰ, ਆਦਮੀ ਦਾ ਮਨ ਤਾਂ ਸ਼ਾਂਤ ਹੋਣਾਂ ਚਾਹੀਦਾ ਹੈ. ਪਰ ਨਾਲ ਦੀ ਨਾਲ ਬਾਹਰਮੁਖੀ ਹੋਣਾਂ ਚਾਹੀਦਾ ਹੈ, ਜਿਸ ਨਾਲ ਸਮਾਜ ਦਾ ਭਲਾ ਹੋ ਸਕੇ ਅਤੇ ਸਮਾਜ ਬਿਹਤਰ ਹੋ ਸਕੇ।

ਵੇਦਾਂਤਕ ਹਿੰਦੂ ਵਿਚਾਰਧਾਰਾ ਅਨੁਸਾਰ, ਆਦਮੀ ਦਾ ਸਰੀਰ, ਆਤਮਾਂ ਦੀ ਕੈਦ ਦੀ ਕੋਠੀ ਹੈ। ਇਸਦਾ ਨਤੀਜਾ, ਅਜਬ ਦੀ ਬੇਬੁਨਿਆਦ ਦੁਨੀਆਂ ਜਾਂ ਦੂਸਰੀ ਦੁਨੀਆਂ ਹਿੰਦੂ ਖਿਆਲਾਂ ਅਨੁਸਾਰ।

ਸਿੱਖੀ ਆਧਾਰ ਹੈ, ਕਿ ਬੰਦੇ ਦਾ ਸਰੀਰ ਪ੍ਰਮਾਤਮਾਂ ਦਾ ਆਪਣਾਂ ਨਿਵਾਸ ਸਥਾਨ ਹੈ-ਮੰਦਰ ਹੈ, ਪ੍ਰਮਾਤਮਾਂ ਨੂੰ ਆਪਣੇ ਅੰਦਰੋਂ ਲੱਭਣਾਂ ਹੈ, ਬਾਕੀ ਇਨਸਾਨਾਂ ਨਾਲ ਪਿਆਰ ਨਾਲ ਰਹਿ ਕੇ ਅਤੇ ਉਹਨਾਂ ਦੀ ਸੇਵਾ ਕਰਕੇ। ਹਿੰਦੂ ਮੱਤ ਇਹ ਸਮਝਦਾ ਹੈ, ਕਿ ਇਹ ਸੰਸਾਰ ਝੂਠਾ ਹੈ, ਇਕ ਸੁਪਨੇ ਵਾਂਗਰ ਹੈ ਜਿਸ ਤੇ ਇਤਬਾਰ ਨਹੀਂ ਜਾ ਸਕਦਾ। ਸਿੱਖ ਮੱਤ ਇਥੋਂ ਤੱਕ ਮੰਨਦਾ ਹੈ, ਕਿ ਇਹ ਸੰਸਾਰ ਤੋਂ ਨਿਰਲੇਪ ਰਹਿਣਾਂ ਹੈ, ਇਸ ਦੁਨੀਆਂ ਵਿੱਚ ਜੀਵਨ ਦਾ ਆਧਾਰ ਸੱਚ ਬਣਾਉਣਾਂ ਹੈ ਅਤੇ ਸੱਚ ਤੇ ਹੀ ਚੱਲਣਾਂ ਹੈ ਇਸਤਰ੍ਹਾਂ ਆਪਣੇ ਅੰਦਰ ਹੀ, ਇਸ ਸੰਸਾਰ ਵਿੱਚ ਰਹਿੰਦੇ ਹੋਏ, ਸਾਰਿਆਂ ਨੇ ਪ੍ਰਮਾਤਮਾਂ ਨੂੰ ਪਾਉਣਾਂ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕਮਲ ਫੁੱਲ਼ ਵਾਂਗਰ, ਗੰਦੇ ਪਾਣੀ ਵਿੱਚ ਭੀ ਰਹਿੰਦੇ ਹੋਏ ਭੀ ਦਾਗ ਰਹਿਤ ਰਹੋ, ਅਤੇ ਹੋਰਨਾਂ ਦੀ ਸੇਵਾ ਕਰਕੇ ਆਪਣੀ ਖੁਸ਼ਬੂ ਹੋਰਨਾਂ ਨੂੰ ਵੰਡਦੇ ਰਹੋ।

The article was first published in "SIKHS & SIKHISM: A View With A Bias 1994, Manohar Books, Delhi.